# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734


ਨੰ:ਪੀ.ਐਸ.ਬੀ./ਆਈ.ਟੀ./2018/620 ਅਤਿ ਜਰੂਰੀ ਮਿਤੀ: 12-3-2018

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਉਦਯੋਗਿ ਸਿਖਲਾਈ ਸੰਸਥਾਵਾਂ, ਆਰਟ ਐਂਡ ਕਰਾਫਟ ਅਤੇ
ਟੀਚਰ ਟ੍ਰੇਨਿੰਗ ਸੰਸਥਾਵਾਂ, ਪੰਜਾਬ ਰਾਜ ਅਧੀਨ।

**ਵਿਸ਼ਾ: ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਪ੍ਰੀਖਿਆ ਫਰਵਰੀ -2018 ਨਾਲ ਸਬੰਧਤ ਪ੍ਰੈਕਟੀਕਲ ਮਾਰਕਸ ਅਤੇ ਸੈਸ਼ਨਲ ਮਾਰਕਸ Excel ਫਾਰਮਟ ਉੱਤੇ ਈਮੇਲ ਰਾਹੀਂ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਕੰਪਿਊਟਰ ਸ਼ਾਖਾ ਵਲੋਂ **ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਕੋਰਸਾਂ ਦੇ** ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ ਅਤੇ ਸੈਸ਼ਨਲ ਮਾਰਕਸ ਸਬੰਧੀ Excel ਫਾਰਮਟ ਵਿੱਚ ਫਾਇਲਾਂ ਬਣਾ ਕੇ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤੀਆਂ ਜਾਣੀਆਂ ਹਨ। ਇਸ ਸਬੰਧ ਵਿੱਚ ਕੰਪਿਊਟਰ ਸ਼ਾਖਾ ਨਾਲ ਤਾਲਮੇਲ ਕਰਕੇ ਹੇਠ ਲਿਖੇ ਅਨੁਸਾਰ ਸੰਸਥਾਵਾਂ ਨੂੰ ਹਦਾਇਤਾਂ ਜਾਰੀ ਕਰਨ ਸਬੰਧੀ ਲਿਸਟ ਬਣਾਈ ਗਈ ਹੈ:-

1. ਸੰਸਥਾ ਆਪਣੇ ਨਾਲ ਸਬੰਧਤ Excel ਫਾਇਲਾਂ ਬੋਰਡ ਦੀ ਵੈਬਸਾਇਟ www.punjabteched.com ਜਾਂ www.punjabteched.net ਤੋਂ ਡਾਊਨਲੋਡ ਕਰਕੇ ਇਸ ਫਾਇਲ ਵਿੱਚ ਅਪੀਅਰ ਹੋਣ ਵਾਲੇ ਯੋਗ (ਜੋ ਪ੍ਰੀਖਿਆ ਵਿੱਚ ਬੈਠਣ ਲਈ ਡੀ.ਜੀ.ਟੀ, ਨਵੀਂ ਦਿੱਲੀ, ਡੀ.ਟੀ.ਈ ਅਤੇ ਆਈ.ਟੀ ਪੰਜਾਬ ਅਤੇ ਬੋਰਡ ਵੱਲੋਂ ਸਮੇਂ ਸਮੇਂ ਤੇ ਜਾਰੀ ਪ੍ਰੀਖਿਆ ਨਿਯਮਾਂ/ਹਦਾਇਤਾਂ ਸ਼ਰਤਾਂ ਪੂਰੀਆਂ ਕਰਦਾ ਹੋਵੇ) ਸਿਖਿਆਰਥੀਆਂ ਦੇ ਪ੍ਰੈਕਟੀਕਲ ਅਤੇ ਸੈਸ਼ਨਲ ਮਾਰਕਸ ਦੀ ਐਂਟਰੀ ਕਰੇਗੀ।
2. ਸੰਸਥਾ ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸਾਂ ਅਤੇ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੇ ਸੈਸ਼ਨਲ ਅਤੇ ਪ੍ਰੈਕਟੀਕਲ ਮਾਰਕਸ ਹਰ ਹਾਲਤ ਵਿੱਚ ਸਬੰਧਤ Excel ਫਾਇਲ ਵਿੱਚ ਐਂਟਰ ਕਰਕੇ ਮਿਤੀ:- ਮਿਤੀ:-13 ਅਤੇ 14 ਮਾਰਚ -2018 ਨੂੰ ਬੋਰਡ ਦਫਤਰ ਦੀ ਈਮੇਲ ਆਈ.ਡੀ. practicalmarks.iti@gmail.com ਤੇ Excel ਫਾਇਲਾਂ (Soft Copy) ਭੇਜਣਾ ਯਕੀਨੀ ਬਣਾਏਗੀ।
3. Excel ਫਾਇਲ ਉੱਤੇ ਪ੍ਰੈਕਟੀਕਲ ਅਤੇ ਸੈਸ਼ਨਲ ਮਾਰਕਸ ਦੀ ਨਿਰਧਾਰਤ ਕਾਲਮ ਵਿੱਚ ਐਂਟਰੀ ਕਰਨ ਉਪਰੰਤ ਪ੍ਰਿੰਸੀਪਲ/ਸੁਪਰਡੰਟ ਵਲੋਂ ਖਾਸ ਧਿਆਨ ਰੱਖਿਆ ਜਾਵੇਗਾ ਕਿ **ਸਬੰਧਤ ਕਾਲਮਾਂ ਵਿੱਚ ਪ੍ਰੈਕਟੀਕਲ ਅਤੇ ਸੈਸ਼ਨਲ ਮਾਰਕਸ ਐਂਟਰ ਕਰਨ ਤੋਂ ਬਾਅਦ ਪ੍ਰੋਫਾਰਮੇ ਦੇ ਸਟੇਟਸ (Status) ਕਾਲਮ ਵਿੱਚ Absent ਦੀ ਜਗ੍ਹਾਂ ਤੇ A ਅਤੇ Present ਦੀ ਜਗ੍ਹਾਂ ਤੇ P ਕਰ ਦਿੱਤਾ ਜਾਵੇ। ਇਹ ਵੀ ਧਿਆਨ ਰੱਖਣਾ ਯਕੀਨੀ ਬਣਾਇਆ ਜਾਵੇ ਕਿ ਪ੍ਰੈਕਟੀਕਲ ਅਤੇ ਸੈਸ਼ਨਲ ਮਾਰਕਸ ਭਰਨ ਸਮੇਂ ਕੋਈ ਵੀ ਅਪੀਅਰ ਹੋਏ ਵਿਦਿਆਰਥੀ ਦਾ ਕਾਲਮ ਖਾਲੀ**

P.T.O...

ਨਾਂ ਰਹੇ। ਜੇਕਰ ਕਿਸੇ ਵੀ ਵਿਦਿਆਰਥੀ ਦਾ ਪ੍ਰੈਕਟੀਕਲ ਜਾਂ ਸੈਸ਼ਨਲ ਮਾਰਕਸ ਦਾ ਕਾਲਮ ਖਾਲੀ ਰਹਿ ਜਾਂਦਾ ਹੈ ਤਾਂ ਉਸ ਨੂੰ Absent ਮੰਨਿਆ ਜਾਏਗਾ।

4. ਸੰਸਥਾ ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸਾਂ ਅਤੇ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੇ ਸੈਸ਼ਨਲ ਮਾਰਕਸ ਅਤੇ ਪ੍ਰੈਕਟੀਕਲ ਮਾਰਕਸ ਦੀ ਅਸਲ ਹਾਰਡ ਕਾਪੀ (ਤਸਦੀਕਸ਼ੁਦਾ) ਸਕੈਨ ਕਰਕੇ ਐਕਸਲ ਫਾਇਲ (Soft copy) ਦੇ ਨਾਲ ਹੀ ਬੋਰਡ ਦਫਤਰ ਦੀ ਈਮੇਲ ਆਈ.ਡੀ. practicalmarks.iti@gmail.com ਤੇ ਭੇਜਣਾ ਯਕੀਨੀ ਬਣਾਏਗੀ। ਸੰਸਥਾਵਾਂ ਸੈਸ਼ਨਲ ਅਤੇ ਪ੍ਰੈਕਟੀਕਲ ਮਾਰਕਸ ਦੀ ਹਾਰਡ ਕਾਪੀ ਆਪਣੇ ਰਿਕਾਰਡ ਵਿੱਚ ਰੱਖਣਾ ਯਕੀਨੀ ਬਣਾਏਗੀ।

5. ਪ੍ਰਿੰਸੀਪਲ/ਸੰਸਥਾ ਮੁਖੀ ਅਤੇ ਸੁਪਰਡੰਟ ਪ੍ਰੀਖਿਆ ਮਾਰਕਸ ਐਂਟਰੀ ਦੇ ਕੰਮ ਦੀ ਗੁਪਤਤਾ ਨੂੰ ਯਕੀਨੀ ਬਨਾਉਣਗੇ ਅਤੇ ਆਪਣੀ ਸਿੱਧੀ ਦੇਖਰੇਖ ਹੇਠਾਂ ਕਰਵਾਉਣਗੇ। ਮਾਰਕਸ ਵਿੱਚ ਕਿਸੇ ਵੀ ਤਰ੍ਹਾਂ ਦੀ ਗਲਤ ਐਂਟਰੀ/ਸਮੇਂ ਸਿਰ ਡਾਟਾ ਨਾਂ ਭੇਜਣ ਦੀ ਸੂਰਤ ਵਿੱਚ ਆਉਣ ਵਾਲੀਆਂ ਅੜਚਨਾਂ ਦੀ ਸਮੁੱਚੀ ਜ਼ਿੰਮੇਵਾਰੀ ਸੰਸਥਾ ਮੁਖੀ ਦੀ ਹੋਵੇਗੀ।

6. ਡਾਟਾ ਐਂਟਰੀ ਕਰਨ ਸਮੇਂ ਜੇਕਰ ਸੰਸਥਾ ਨੂੰ ਕੋਈ ਤਕਨੀਕੀ ਸਮੱਸਿਆ ਆਉਂਦੀ ਹੈ ਤਾਂ ਸੰਸਥਾ ਆਪਣੇ ਜਿਲ੍ਹੇ ਦੇ ਸਬੰਧਤ ਡੀਲਿੰਗ ਅਸਿਸਟੈਂਟ ਨਾਲ ਤੁਰੰਤ ਨਿਪਟਾਰੇ ਹਿਤ ਸੰਪਰਕ ਕਰੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

**ਨੋਟ:- ਸੰਸਥਾ ਸੈਸ਼ਨਲ ਮਾਰਕਸ ਅਤੇ ਪ੍ਰੈਕਟੀਕਲ ਮਾਰਕਸ ਦੀ ਐਕਸਲ ਫਾਇਲ (soft copy) ਦੇ ਨਾਲ ਅਸਲ ਹਾਰਡ ਕਾਪੀ (ਤਸਦੀਕਸ਼ੁਦਾ) ਵੀ ਸਕੈਨ ਕਰਕੇ ਬੋਰਡ ਦਫਤਰ ਦੀ ਈਮੇਲ ਆਈ.ਡੀ. practicalmarks.iti@gmail.com ਤੇ ਕੇਵਲ ਮਿਤੀ:- 13 ਅਤੇ 14 ਮਾਰਚ -2018 ਨੂੰ ਹੀ ਭੇਜਣਾ ਯਕੀਨੀ ਬਣਾਏਗੀ।**

12.3.18

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.(ਆਈ)

ਵਾ: ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਦਰਸਾਇਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 PA/Secretary
2 System Admn.
3 Admn. Section
4 I.A (concerned)